# Signing of the India-Japan Memorandum of Cooperation on Specified Skilled Workers

January 18, 2021

---

# ਨਿਰਧਾਰਤ ਹੁਨਰਮੰਦ ਕਾਮਿਆਂ ਬਾਰੇ ਭਾਰਤ-ਜਾਪਾਨ ਦਰਮਿਆਨ ਸਹਿਕਾਰਤਾ ਸਮਝੌਤੇ 'ਤੇ ਹਸਤਾਖਰ

18 ਜਨਵਰੀ, 2021

1. ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰੀਂਗਲਾ ਅਤੇ ਭਾਰਤ ਵਿੱਚ ਜਾਪਾਨੀ ਰਾਜਦੂਤ ਮਹਾਮਹਿਮ ਸ਼੍ਰੀ ਸੁਜ਼ੁਕੀ ਸਤੋਸ਼ੀ ਨੇ 18 ਜਨਵਰੀ, 2021 ਨੂੰ ਨਵੀਂ ਦਿੱਲੀ ਵਿਖੇ "ਨਿਰਧਾਰਤ ਹੁਨਰਮੰਦ ਕਾਮਿਆਂ (SSW)" ਨਾਲ ਸਬੰਧਤ ਸਿਸਟਮ ਦੇ ਸਹੀ ਸੰਚਾਲਨ ਲਈ ਭਾਈਵਾਲੀ ਦੇ ਮੁੱਢਲੇ ਢਾਂਚੇ ਬਾਰੇ ਭਾਰਤ ਸਰਕਾਰ ਅਤੇ ਜਾਪਾਨ ਸਰਕਾਰ ਦਰਮਿਆਨ ਸਹਿਕਾਰਤਾ ਸਮਝੌਤੇ (MoC) 'ਤੇ ਦਸਤਖਤ ਕੀਤੇ।

2. ਇਸ MoC ਰਾਹੀਂ ਹੁਨਰਮੰਦ ਕਾਮਿਆਂ ਦਾ ਭਾਰਤ ਤੋਂ ਜਾਪਾਨ ਜਾਣਾ ਉਤਸ਼ਾਹਤ ਕਰਨ ਵਿਚ ਮਦਦ ਮਿਲੇਗੀ। ਇਸ MoC ਵਿੱਚ ਨਿਰਧਾਰਤ ਹੁਨਰ ਵਾਲੀਆਂ 14 ਸ਼੍ਰੇਣੀਆਂ ਸ਼ਾਮਲ ਹਨ, ਜਿਸ ਦੇ ਤਹਿਤ ਉਹ ਭਾਰਤੀ ਹੁਨਰਮੰਦ ਕਾਮੇ, ਜੋ ਹੁਨਰਮੰਦੀ ਅਤੇ ਜਾਪਾਨੀ ਭਾਸ਼ਾ ਦੇ ਟੈਸਟ ਪਾਸ ਕਰਦੇ ਹਨ, ਜਾਪਾਨ ਵਿੱਚ ਕਾਂਟਰੈਕਟ ਦੇ ਆਧਾਰ 'ਤੇ ਰੁਜ਼ਗਾਰ ਦਿੱਤੇ ਜਾਣ ਦੇ ਯੋਗ ਹੋਣਗੇ। ਇਨ੍ਹਾਂ 14 ਨਿਰਧਾਰਤ ਖੇਤਰਾਂ ਵਿੱਚ ਨਰਸਿੰਗ ਕੇਅਰ, ਇਮਾਰਤੀ ਸਫਾਈ, ਸਮੱਗਰੀ ਪ੍ਰਕਿਰਿਆ, ਉਦਯੋਗਿਕ ਮਸ਼ੀਨਰੀ ਨਿਰਮਾਣ, ਇਲੈਕਟ੍ਰਿਕ ਅਤੇ ਇਲੈਕਟ੍ਰਾਨਿਕ ਜਾਣਕਾਰੀ, ਉਸਾਰੀ, ਜਹਾਜ਼ੀ ਉਸਾਰੀ ਅਤੇ ਸਮੁੰਦਰੀ ਜਹਾਜ਼ ਨਾਲ ਸਬੰਧਤ ਉਦਯੋਗ, ਵਾਹਨ ਸੰਭਾਲ, ਹਵਾਬਾਜ਼ੀ, ਠਹਿਰਨ, ਖੇਤੀਬਾੜੀ, ਮੱਛੀ ਪਾਲਣ, ਭੋਜਨ ਅਤੇ ਪੀਣ ਵਾਲੇ ਉਤਪਾਦ ਅਤੇ ਭੋਜਨ ਸੇਵਾ ਉਦਯੋਗ ਸ਼ਾਮਲ ਹਨ. ਜਾਪਾਨ ਇਨ੍ਹਾਂ ਕਾਮਿਆਂ ਨੂੰ "ਨਿਰਧਾਰਤ ਹੁਨਰਮੰਦ ਕਾਮੇ" ਦਾ ਦਰਜਾ ਦੇਵੇਗਾ। ਇਹ ਵੀ ਆਸ ਕੀਤੀ ਜਾਂਦੀ ਹੈ ਕਿ ਇਸ ਮੁਹਿੰਮ ਦੇ ਤਹਿਤ ਜਾਪਾਨ ਜਾਣ ਵਾਲੇ ਭਾਰਤੀ ਹੁਨਰਮੰਦ ਕਾਮੇ ਜਾਪਾਨ ਵਿੱਚ ਕੰਮ ਕਰਦੇ ਹੋਏ ਨਵੇਂ ਹੁਨਰ ਹਾਸਲ ਕਰਨਗੇ। ਛੇਤੀ ਹੀ ਇਸ ਪ੍ਰੋਗਰਾਮ ਦੇ ਕਾਰਜਸ਼ੀਲ ਵੇਰਵਿਆਂ ਅਤੇ ਇਸਨੂੰ ਨਿਰਵਿਘਨ ਲਾਗੂ ਕਰਨ ਲਈ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਦਾ ਸਾਂਝਾ ਕਾਰਜਕਾਰੀ ਸਮੂਹ (JWG) ਬਣਾਇਆ ਜਾਵੇਗਾ।

3. ਭਾਰਤ ਅਤੇ ਜਾਪਾਨ ਨੇ ਪਿਛਲੇ ਕੁਝ ਸਾਲਾਂ ਅੰਦਰ ਹੁਨਰ ਵਿਕਾਸ ਦੇ ਖੇਤਰ ਵਿੱਚ ਆਪਣਾ ਸਹਿਯੋਗ ਮਜ਼ਬੂਤ ਕੀਤਾ ਹੈ। 2016 ਵਿੱਚ ਦੋਵਾਂ ਦੇਸ਼ਾਂ ਨੇ ਜਾਪਾਨ-ਇੰਡੀਆ ਇੰਸਟੀਚਿਊਟ ਫਾਰ ਮੈਨੂਫੈਕਚਰਿੰਗ (JIM) ਅਤੇ ਜਾਪਾਨੀ ਐਂਡੋਡ ਕੋਰਸਜ਼ (JEC) ਦੀ ਸਥਾਪਨਾ ਰਾਹੀਂ ਪੂਰੇ ਭਾਰਤ ਦੇ ਕਾਲਜਾਂ ਵਿੱਚ 10 ਸਾਲਾਂ ਅੰਦਰ 30,000 ਵਿਅਕਤੀਆਂ ਨੂੰ ਜਪਾਨੀ ਨਿਰਮਾਣ ਹੁਨਰ ਅਤੇ ਪ੍ਰਥਾਵਾਂ ਦੀ ਸਿਖਲਾਈ ਦੇਣ ਲਈ “ਮੈਨੂਫੈਕਚਰਿੰਗ ਸਕਿਲ ਟ੍ਰਾਂਸਫਰ ਪ੍ਰਮੋਸ਼ਨ ਪ੍ਰੋਗਰਾਮ” ਨਾਮ ਦੇ ਸਮਝੌਤੇ ਤੇ ਦਸਤਖਤ ਕੀਤੇ ਸੀ। ਹੁਣ ਤੱਕ 13 JIMs ਅਤੇ 5 JECs ਚੱਲ ਰਹੇ ਹਨ. 2017 ਵਿੱਚ ਦੋਵਾਂ ਦੇਸ਼ਾਂ ਨੇ ਜਾਪਾਨ ਵਿਚ ਨਿਰਮਾਣ ਸਮੇਤ ਵੱਖ-ਵੱਖ ਉਦਯੋਗਾਂ ਵਿੱਚ ਭਾਰਤੀ ਨੌਜਵਾਨਾਂ ਨੂੰ ਇੰਟਰਨਸ਼ਿਪ ਲੈਣ ਦੇ ਯੋਗ ਬਣਾਉਣ ਲਈ "ਤਕਨੀਕੀ ਇੰਟਰਨ ਸਿਖਲਾਈ ਪ੍ਰੋਗਰਾਮ" ਸਮਝੌਤੇ 'ਤੇ ਹਸਤਾਖਰ ਕੀਤੇ। ਇਨ੍ਹਾਂ ਖੇਤਰਾਂ ਵਿੱਚ ਸਿਹਤ ਸੰਭਾਲ, ਉਸਾਰੀ, ਕਪੜੇ ਅਤੇ ਖੇਤੀਬਾੜੀ ਸ਼ਾਮਲ ਹਨ। ਨਿਰਧਾਰਤ ਹੁਨਰਮੰਦ ਕਾਮਿਆਂ ਬਾਰੇ ਭਾਰਤ-ਜਾਪਾਨ ਦਰਮਿਆਨ ਸਹਿਕਾਰਤਾ ਸਮਝੌਤੇ (MoC) ਹੁਨਰ ਵਿਕਾਸ ਦੇ ਖੇਤਰ ਵਿਚ ਭਾਰਤ-ਜਾਪਾਨ ਸਹਿਯੋਗ ਨੂੰ ਵਧਾਉਣ ਦੀ ਦਿਸ਼ਾ ਵੱਲ ਇੱਕ ਹੋਰ ਕਦਮ ਦਾ ਪ੍ਰਤੀਕ ਹੈ।

ਦਸਤਖਤ ਹੋਣ ਵਾਲੇ ਇਸ ਸਮਾਰੋਹ ਵਿੱਚ ਵਿਕਾਸ ਅਤੇ ਉੱਦਮ ਮੰਤਰਾਲੇ ਦੇ ਸਕੱਤਰ ਸ਼੍ਰੀ ਪ੍ਰਵੀਨ ਕੁਮਾਰ ਅਤੇ ਜਾਪਾਨੀ ਦੂਤਾਵਾਸ ਦੇ ਅਧਿਕਾਰੀ ਵੀ ਮੌਜੂਦ ਸਨ।

ਨਵੀਂ ਦਿਲੀ
18 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.